# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ-8, ਐਸ.ਏ.ਐਸ ਨਗਰ (ਮੋਹਾਲੀ), ਪੰਜਾਬ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.)
ਪੰਜਾਬ।

ਮੀਮੋ ਨੰ:SSA/Uniform/2018-19/ ਮਿਤੀ

ਵਿਸ਼ਾ:- **ਸਾਲ 2018-19 ਦੌਰਾਨ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ ਅੱਠਵੀਂ ਜਮਾਤ (All girls & SC/ST/BPL boys) ਦੇ ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਕਰਨ ਦੀ ਪ੍ਰਕ੍ਰਿਆ ਵਿੱਚ Dy. DEO(EEs) ਨੂੰ ਬਤੌਰ ਜ਼ਿਲ੍ਹਾ ਨੋਡਲ ਅਫਸਰ ਨਿਯੁਕਤ ਕਰਨ ਬਾਰੇ ਅਤੇ ਜ਼ਿਲ੍ਹਾ ਪੱਧਰੀ inspection committee ਦੀ ਰਚਨਾ ਕਰਨ ਸਬੰਧੀ।**

1.0 ਸਾਲ 2018-19 ਦੌਰਾਨ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ ਅੱਠਵੀਂ ਜਮਾਤ (All girls & SC/ST/BPL boys) ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਵਰਦੀਆਂ ਲਈ ਰਾਜ ਪੱਧਰ ਤੇ ਈ-ਟੈਂਡਰ ਦੀ ਪ੍ਰਕ੍ਰਿਆ ਮੁਕੰਮਲ ਕਰਨ ਉਪਰੰਤ ਯੋਗ ਫਰਮਾਂ ਨੂੰ ਸਪਲਾਈ ਆਰਡਰ ਮਿਤੀ 15-02-2019 ਨੂੰ ਜਾਰੀ ਕੀਤਾ ਜਾ ਚੁੱਕਾ ਹੈ।

2.0 ਫਰਮਾਂ ਦਾ ਵੇਰਵਾ ਅਤੇ ਫਰਮਾਂ ਨੂੰ ਅਲਾਟ ਕੀਤੇ ਗਏ ਜ਼ਿਲ੍ਹੇ ਅਤੇ ਯੂਨੀਫਾਰਮ ਲਈ ਵਿਦਿਆਰਥੀਆਂ ਦੀ ਗਿਣਤੀ ਆਪ ਦੀ ਜਾਣਕਾਰੀ ਹਿੱਤ ਹੇਠ ਅਨੁਸਾਰ ਦਿੱਤੀ ਜਾਂਦੀ ਹੈ:-

| Name of Company/Firm | Name of Districts | Number of Students |
|---|---|---|
| Khadim India Ltd.<br>Kolkata<br>Mob. 99583-00770 | SAS Nagar | 36561 |
| | Fatehgarh Sahib | 24961 |
| | Rupnagar | 26713 |
| | Ferozepur | 64145 |
| | Fazilka | 77303 |
| | Mansa | 44315 |
| | Faridkot | 35232 |
| | Pathankot | 22252 |
| | Hoshiarpur | 65083 |
| | Sangrur | 70899 |
| | Kapurthala | 36544 |
| | Gurdaspur | 66985 |
| | Sri Mukatsar Sahib | 56320 |
| Manjeet Plastic Industries,<br>Bahadurgarh<br>Mob. 99107-61216 | Patiala | 78548 |
| | Jalandhar | 83011 |
| | Barnala | 28804 |
| | SBS Nagar | 25012 |
| Unifab Textiles, Ludhiana<br>Mob. 95010-16649 | Amritsar | 116040 |
| | Moga | 55335 |
| | Tarn Taran | 70391 |
| | Ludhiana | 115880 |
| | Bathinda | 67786 |

3.0 ਤਿੰਨ ਫਰਮਾਂ ਨੂੰ ਜਾਰੀ ਕੀਤੇ ਗਏ ਸਪਲਾਈ ਆਰਡਰ ਦੀ ਕਾਪੀ ਆਪ ਨੂੰ ਸੂਚਨਾ ਹਿੱਤ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

4.0 ਸਕੂਲੀ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਵਰਦੀ ਦੀਆਂ specifications ਟੈਂਡਰ ਵਿੱਚ ਦਿੱਤੇ ਗਏ ਸੈਕਸ਼ਨ I ਅਨੁਸਾਰ ਹਨ। ਸਿਰਫ ਪੰਜਵੀ ਕਲਾਸ ਦੇ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਵਰਦੀ ਦੀਆਂ ਆਈਟਮਾਂ ਅਤੇ ਰੰਗ ਵਿੱਚ ਬਦਲਾਵ ਹੈ ਜੋ ਕਿ 6ਵੀਂ ਕਲਾਸ ਲਈ ਨਿਸ਼ਚਿਤ ਕੀਤੀਆ ਗਈਆਂ specifications ਅਨੁਸਾਰ ਹੋਵੇਗਾ। ਸਪਲਾਈ ਆਰਡਰ ਦੇ ਸਨਮੁੱਖ ਸੈਕਸ਼ਨ I ਵਿੱਚ ਪ੍ਰਾਇਮਰੀ ਜਮਾਤਾਂ ਨੂੰ ਦਿੱਤੀ ਜਾਣ ਵਾਲੀ ਵਰਦੀ ਜਮਾਤ ਪਹਿਲੀ ਤੋਂ ਚੌਥੀ ਤੱਕ ਲਾਗੂ ਹੋਵੇਗੀ ਅਤੇ ਅਪਰ ਪ੍ਰਾਇਮਰੀ ਜਮਾਤਾਂ ਨੂੰ ਦਿੱਤੀ ਜਾਣ ਵਾਲੀ ਵਰਦੀ ਵਿੱਚ ਜਮਾਤ ਪੰਜਵੀਂ ਵੀ ਸ਼ਾਮਿਲ ਹੋਵੇਗੀ।

5.0 ਸਕੂਲਾਂ ਵਿੱਚ ਵਰਦੀਆਂ ਦੀ ਸਪਲਾਈ ਸਬੰਧਤ ਫਰਮਾਂ ਵੱਲੋਂ 31-03-2019 ਤੋਂ ਪਹਿਲਾਂ ਕੀਤੀ ਜਾਣੀ ਹੈ ਜਿਸ ਦੇ ਲਈ ਹਰੇਕ ਜ਼ਿਲ੍ਹੇ ਦੇ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਨੂੰ ਬਤੌਰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ। ਜਿਥੇ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਦੀ ਅਸਾਮੀ ਖਾਲੀ ਹੈ/ਜਾਂ ਅਸਾਮੀ ਨਹੀਂ ਹੈ ਉਸ ਜ਼ਿਲ੍ਹੇ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਹੀ ਨੋਡਲ ਅਫਸਰ ਹੋਵੇਗਾ। ਹਰੇਕ

ਨੋਡਲ ਅਫਸਰ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਜ਼ਿਲ੍ਹੇ ਲਈ ਚੁਣੀ ਗਈ ਫਰਮ ਨੂੰ ਵਰਦੀਆਂ ਦੀ ਸਮਾਂਬੱਧ ਵੰਡ ਕਰਨ ਲਈ ਪੂਰਨ ਸਹਿਯੋਗ ਦੇਣ।

6.0 ਫਰਮਾਂ ਦੇ ਨੁਮਾਇੰਦੇ ਵੱਖ-ਵੱਖ ਮੁੱਦਿਆਂ ਬਾਰੇ ਸੂਚਨਾ ਜਿਵੇਂ ਸਕੂਲੀ ਬੱਚਿਆਂ ਦੀ ਕਲਾਸ ਵਾਰ ਮੌਜੂਦਾ ਗਿਣਤੀ, ਸਕੂਲਾਂ ਦੀ ਲੋਕੇਸ਼ਨ ਅਤੇ ਸਕੂਲ ਮੁਖੀਆਂ ਦੇ ਸੰਪਰਕ ਨੰਬਰ ਆਦਿ ਲਈ ਨੋਡਲ ਅਫਸਰਾਂ ਨਾਲ ਤਾਲਮੇਲ ਕਰਨਗੇ। ਫਰਮਾਂ ਨੂੰ ਉਨ੍ਹਾ ਦੀ ਮੰਗ ਅਨੁਸਾਰ ਸੂਚਨਾ ਤੁਰੰਤ ਮੁਹੱਈਆ ਕੀਤੀ ਜਾਵੇ।

7.0 ਸਿੱਖ ਲੜਕਿਆਂ ਨੂੰ ਪਟਕਾ ਅਤੇ ਬਾਕੀ ਲੜਕਿਆਂ ਨੂੰ ਗਰਮ ਟੋਪੀ ਦਿੱਤੀ ਜਾਣੀ ਹੈ। ਸਕੂਲ ਵਾਰ ਇਨ੍ਹਾਂ ਲੜਕਿਆਂ (boys) ਦਾ ਵੇਰਵਾ ਇਕੱਠਾ ਕੀਤਾ ਜਾਵੇ ਅਤੇ ਸਬੰਧਤ ਫਰਮ ਨੂੰ ਦਿੱਤਾ ਜਾਵੇ।

8.0 ਹਰੇਕ ਜ਼ਿਲ੍ਹੇ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਦੀ ਪ੍ਰਧਾਨਗੀ ਹੇਠ ਨਿਮਨਲਿਖਿਤ ਬਣਤਰ ਅਨੁਸਾਰ ਜ਼ਿਲ੍ਹਾ ਪੱਧਰੀ inspection committee ਦਾ ਗਠਨ ਕੀਤਾ ਜਾਵੇ:-

- ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) — ਚੇਅਰਮੈਨ
- ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) — ਮੈਂਬਰ
- 01 ਬਲਾਕ ਪ੍ਰਾਇਮਰੀ ਸਿੱਖਿਆ ਅਫਸਰ — ਮੈਂਬਰ
- 02 ਟੈਕਸਟਾਈਲ ਲੈਕਚਰਾਰ — ਮੈਂਬਰ

9.0 ਇਹ ਕਮੇਟੀ ਟੈਂਡਰ ਦੀ clause 17 ਤਹਿਤ ਗਠਿਤ ਕੀਤੀ ਜਾਣੀ ਹੈ। ਟੈਂਡਰ ਦੀ ਕਾਪੀ ਇਸ ਪੱਤਰ ਨਾਲ ਭੇਜੀ ਜਾ ਰਹੀ ਹੈ।

10.0 ਜ਼ਿਲ੍ਹਾ ਪੱਧਰੀ ਇੰਸਪੈਕਸ਼ਨ ਕਮੇਟੀ ਦੇ ਕੰਮ ਹੇਠ ਅਨੁਸਾਰ ਹੋਣਗੇ:-

(ੳ) ਫਰਮਾਂ ਦੁਆਰਾ ਸਕੂਲਾਂ ਵਿੱਚ ਸਪਲਾਈ ਕੀਤੀ ਗਈ ਵਰਦੀ ਵਿੱਚੋਂ ਇਹ ਕਮੇਟੀ ਰੈਂਡਮ ਸੈਂਪਲ ਚੁੱਕੇਗੀ। ਇਨ੍ਹਾਂ ਸੈਂਪਲਾਂ ਦੀ visual inspection ਕਮੇਟੀ ਦੁਆਰਾ ਆਪਣੇ ਪੱਧਰ ਤੇ ਕੀਤੀ ਜਾਵੇਗੀ ਅਤੇ ਟੈਕਨੀਕਲ ਸਪੈਸੀਫਿਕੇਸ਼ਨਾਂ ਦੀ ਟੈਸਟਿੰਗ ਕਿਸੇ ਸਰਕਾਰੀ ਮਾਨਤਾ ਪ੍ਰਾਪਤ ਲੈਬੋਰਟਰੀ ਤੋਂ ਕਰਵਾਈ ਜਾਵੇਗੀ। ਟੈਸਟਿੰਗ ਲਈ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਪੱਧਰ ਦੇ ਵਰਦੀਆਂ ਦੇ ਮੁਕੰਮਲ ਸੈੱਟ ਦਾ ਸੈਂਪਲ ਲਿਆ ਜਾਵੇਗਾ ਅਤੇ ਲੈਬ ਟੈਸਟਿੰਗ ਕਰਵਾਈ ਜਾਵੇਗੀ। ਸੈਂਪਲ ਟੈਸਟਿੰਗ ਦਾ ਖਰਚਾ ਸਬੰਧਤ ਸਪਲਾਇਰ ਵੱਲੋਂ ਹੀ ਕੀਤਾ ਜਾਵੇਗਾ।

(ਅ) ਇਹ ਕਮੇਟੀ ਸੁਨਿਸ਼ਚਿਤ ਕਰੇਗੀ ਕਿ ਹਰੇਕ ਸਕੂਲ ਵੱਲੋਂ ਵਰਦੀਆਂ ਦੇ ਸੈੱਟਾਂ ਦੀ ਡਿਲਵਰੀ ਦੀ acknowledgement receipt ਸਬੰਧਤ ਕੰਪਨੀ ਨੂੰ ਨੱਥੀ ਕੀਤੇ ਪ੍ਰੋਫਾਰਮੇ ਵਿੱਚ ਦਿੱਤੀ ਜਾਵੇਗੀ ਅਤੇ ਇਸ ਦੀ ਕਾਪੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਨੂੰ ਭੇਜੀ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਇਨ੍ਹਾਂ ਸਕੂਲੀ ਰਸੀਦਾਂ ਅਤੇ ਤਸੱਲੀਬਖਸ਼ ਲੈਬ ਟੈਸਟਿੰਗ ਰਿਪੋਰਟ ਦੇ ਆਧਾਰ ਤੇ ਸਰਟੀਫਿਕੇਟ ਤਿਆਰ ਕਰਕੇ ਮੁੱਖ ਦਫਤਰ ਨੂੰ ਭੇਜਣਗੇ। ਵਰਦੀਆਂ ਦੇ ਹਰੇਕ 50,000 ਸੈੱਟ ਦੀ ਡਲੀਵਰੀ ਮੁਕੰਮਲ ਹੋਣ ਉਪਰੰਤ ਇਹ ਸਰਟੀਫਿਕੇਟ/acknowledgement ਮੁੱਖ ਦਫਤਰ ਨੂੰ ਭੇਜਿਆ ਜਾਵੇਗਾ। ਜਿਨ੍ਹਾਂ ਜ਼ਿਲ੍ਹਿਆਂ ਵਿੱਚ ਵਿਦਿਆਰਥੀਆਂ ਦੀ ਗਿਣਤੀ 50,000 ਤੋਂ ਘੱਟ ਹੈ ਉਹ ਵਰਦੀਆਂ ਦੀ ਸਪਲਾਈ ਮੁਕੰਮਲ ਹੋਣ ਤੇ ਹੀ ਇਹ ਸਰਟੀਫਿਕੇਟ/acknowledgement ਭੇਜਣਗੇ।

11.0 ਵਰਦੀਆਂ ਦੀ ਸਪਲਾਈ ਜ਼ਿਲ੍ਹੇ ਦੇ ਸਾਰੇ ਸਕੂਲਾਂ ਅਤੇ ਸਾਰੇ ਯੋਗ ਸਕੂਲੀ ਬੱਚਿਆਂ ਲਈ ਮੁਕੰਮਲ ਹੋਣ ਉਪਰੰਤ ਹਰੇਕ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਵੱਲੋਂ ਮੁੱਖ ਦਫਤਰ ਨੂੰ ਸਰਟੀਫਿਕੇਟ ਭੇਜਿਆ ਜਾਵੇਗਾ ਕਿ ਵਰਦੀਆਂ ਦੀ ਵੰਡ ਟੈਂਡਰ ਦੇ Section-I ਅਤੇ ਉਪਰੋਕਤ ਨੁਕਤਾ ਨੰ: 4 ਹੇਠ ਦਰਸਾਈਆ specifictaions/technical specifications ਅਨੁਸਾਰ ਹੀ ਕੀਤੀ ਗਈ ਹੈ। ਸਰਟੀਫਿਕੇਟ ਦਾ ਖਰੜਾ ਇਸ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ।

-ਸਹੀ-

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ**

ਪਿੱਠ ਅੰਕਣ ਨੰ: SSA/Uniform/2018-19/ 57433 ਮਿਤੀ 21-2-19

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ (ਸੈ.ਸਿੱ.), ਪੰਜਾਬ।
2. ਡੀ.ਪੀ.ਆਈ (ਐ.ਸਿੱ.), ਪੰਜਾਬ।
3. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਪੰਜਾਬ
4. ਸਮੂਹ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.), ਪੰਜਾਬ
5. ਸਮੂਹ ਸਕੂਲ ਮੁਖੀ/ਪ੍ਰਿੰਸੀਪਲ/ਬੀ.ਪੀ.ਈ.ਓਜ਼, ਪੰਜਾਬ (ਵੈਬਸਾਈਟ ਰਾਹੀਂ)

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ**